੨੬੪.੬੮੨
ਗ 22 ਮ
2-8491

ਪਹਿਲੀ ਅਡੀਸ਼ਨ
ਮਾਰਚ — ੧੯੫੩

Printed and Published by Gur Bakhsh Singh
at the Preet Sainik Press, Preet Nagar, (Amritsar)

ਭੂਮਿਕਾ

ਇਹ ਛੋਟੀ ਜਿਹੀ ਪੁਸਤਕ ਉਨ੍ਹਾਂ ਥੋੜੇ ਜਿੰਨੇ ਲੇਖਾਂ ਦਾ ਸੰਗ੍ਰਹਿ ਹੈ ਜਿਹੜੇ ੧੯੩੩-੩੪ ਵਿਚ ਪ੍ਰੀਤ ਲੜੀ ਦੇ ਆਰੰਭ ਹੁੰਦਿਆਂ ਸਾਰ ਧਾਰਮਕ ਸੰਸਥਾਆਂ ਤੇ ਅਖ਼ਬਾਰਾਂ ਦੀ ਮੰਗ ਉੱਤੇ ਲਿਖੇ ਗਏ ਸਨ। ਸ਼ਾਇਦ ਇਸ ਸਿਲਸਿਲੇ ਵਿਚ ਮੇਰੇ ਕੋਲੋਂ ਕੋਈ ਚੰਗੀ ਸੇਵਾ ਹੋ ਹੀ ਜਾਂਦੀ, ਪਰ ਜੇਡੀ ਉਤਾਵਲ ਨਾਲ ਇਹ ਸਿਲਸਿਲਾ ਜਿਨ੍ਹਾਂ ਨੇ ਜਾਰੀ ਕਰਾਇਆ ਸੀ, ਓਡੀ ਹੀ ਉਤਾਵਲ ਨਾਲ ਉਹਨਾਂ ਨੇ ਇਹ ਤੋੜ ਭੋਰ ਕੇ ਪਰ੍ਹਾਂ ਸੁਟ ਛੱਡਿਆ।

ਮੈਂ ਇਕ ਸਾਦਾ ਜਿਹਾ ਪਿਆਰ ਤੇ ਸਿਫ਼ਤ ਕਰਨ ਵਿਚ ਖ਼ੁਸ਼ੀ ਮੰਗਣ ਵਾਲਾ ਬੰਦਾ ਸਾਂ। ਏਸੇ ਮੰਗ ਵਿਚੋਂ ਪ੍ਰੀਤ ਲੜੀ ਨੇ ਜਨਮ ਲਿਆ ਸੀ, ਨਾ ਮੈਨੂੰ ਜ਼ਬਾਨਦਾਨੀ ਤੇ ਨਾ ਕੁਝ ਜਾਨਣ ਦਾ ਦਾਅਵਾ ਸੀ। ਏਸੇ ਲਈ ਮੇਰੇ ਮਜ਼ਮੂਨਾਂ ਦੀ ਚੋਣ ਨਿਟਮਾਨ ਜਿਹੀ ਸੀ ਤੇ ਮਜ਼ਹਬ ਜਾਂ ਗੁਰੂ ਸਾਹਿਬਾਨ ਦੇ ਉੱਚੇ ਮਜ਼ਮੂਨਾਂ ਨੂੰ ਮੈਂ ਆਪਣੇ ਵਿਤੋਂ ਬਹੁਤ ਵਡੇ ਸਮਝਦਾ ਸਾਂ। ਪਰ ਇਕ ਬੜੀ ਵਡੀ ਧਾਰਮਕ ਸੰਸਥਾ ਦੇ ਵਿਦਵਾਨ ਐਡੀਟਰ ਨੇ ਮੇਰੇ ਕੋਲੋਂ ਗੁਰੂ ਨਾਨਕ ਸਾਹਿਬ ਦੇ ਜਨਮ-ਪੁਰਬ ਲਈ ਲੇਖ ਮੰਗਿਆ। ਮੈਂ ਆਪਣੀ ਅਜੋਗਤਾ ਪ੍ਰਗਟ ਕੀਤੀ, ਪਰ ਉਨ੍ਹਾਂ ਆਖਿਆ ਕਿ ਜੇ ਮੈਂ ਦੋ ਦਿਨਾਂ ਦੇ ਅੰਦਰ ਅੰਦਰ ਲੇਖ ਨਾ ਭੇਜਿਆ ਤਾਂ ਉਹ ਆਪ ਏਡੀ ਦੂਰੋਂ ਚਲ ਕੇ ਮੇਰੇ ਕੋਲ ਆਉਣਗੇ। ਮੇਰੇ ਵਰਗੇ ਆਦਮੀ ਲਈ ਜਿਨ੍ਹੂੰ ਅਜੇ ਤਕ ਕਿਸੇ ਮਾਨ ਦਾ ਵੀ ਭੁਲੇਖਾ ਨਹੀਂ ਸੀ ਪਿਆ, ਇਹ ਬੜੀ ਵਡੀ ਗਲ ਸੀ। ਮੈਂ ਆਪਣੀ ਕੁਦਰਤੀ ਸੰਝਾ ਉੱਤੇ ਜ਼ੋਰ ਧੱਕਾ ਕਰ ਕੇ ਤੇ ਹਥਲੇ ਕੰਮ

ਸੁਟ ਸੁਟਾ ਕੇ ਲੇਖ ਲਿਖ ਦਿੱਤਾ। ਮੈਨੂੰ ਬੜੀ ਖ਼ੁਸ਼ੀ ਹੋਈ ਕਿ ਉਹ ਪਰਵਾਨ ਚੜ੍ਹ ਗਿਆ ਤੇ ਕਈ ਹੋਰ ਅਖ਼ਬਾਰਾਂ ਵਿਚ ਨਕਲ ਵੀ ਕੀਤਾ ਗਿਆ। ਫੇਰ ਤਾਂ ਹਰ ਪਾਸਿਉਂ ਗੁਰਪੁਰਬਾਂ ਸਮੇਂ ਮੇਰੇ ਲੇਖ ਦੀ ਮੰਗ ਆਉਣ ਲਗ ਪਈ। ਦਿਲ ਵਧੇ ਨਾਲ ਮੈਂ ਵੀ ਲਿਖ ਦੇਂਦਾ ਰਿਹਾ।

ਪਰ 'ਪਰਮ ਮਨੁੱਖ' ਦੇ ਛਪਣ ਦੀ ਢਿੱਲ ਸੀ ਕਿ ਮੇਰੇ ਕਦਰਦਾਨ ਨੇ ਜਿਸ ਨੂੰ ਮੇਰੀ ਕਲਮ ਵਿਚ ਕੋਈ ਅਲੋਖੀ ਹੋਣਹਾਰੀ ਨਜ਼ਰ ਆਈ ਸੀ, ਚਾਲੀ ਪੰਜਾਹ ਸਫ਼ੇ ਦਾ ਮਜ਼ਮੂਨ ਮੇਰੇ ਖ਼ਿਲਾਫ਼ ਲਿਖ ਦਿੱਤਾ। ਉਨ੍ਹਾਂ ਨੇ ਇਸ ਮਜ਼ਮੂਨ ਵਿਚ ਨਾ ਸਿਰਫ਼ ਮੇਰੇ ਧਰਮ ਸੰਬੰਧੀ ਖ਼ਿਆਲਾਂ ਦੀ ਨੁਕਤਾ-ਚੀਨੀ ਹੀ ਕੀਤੀ, ਸਗੋਂ ਨਿਰਮਾਨ ਜਿਹੇ ਦਿਲ ਨੂੰ ਛੰਡ ਝਾੜ ਕੇ ਹੌਲਾ ਕੱਖ ਕਰ ਦਿੱਤਾ। ਥਾਂ ਥਾਂ ਤੋਂ ਗੁਰਮਤੇ ਮੇਰੀ ਲਾ-ਮਜ਼ਹਬੀਅਤ ਦੇ ਖ਼ਿਲਾਫ਼ ਪਾਸ ਹੋਣ ਤੇ ਧਮਕੀਆਂ ਦੇ ਪੱਤ੍ਰ ਆਉਣ ਲਗ ਪਏ।

ਮੈਂ ਮੰਨ ਚੁੱਕਾ ਹਾਂ ਕਿ ਉਸ ਵੇਲੇ ਪਿਆਰ ਤੇ ਸਿਫ਼ਤ ਕਰਨ ਵਿਚ ਖ਼ੁਸ਼ੀ ਮੰਗਣ ਵਾਲਾ ਮੇਰਾ ਦਿਲ ਮੁਖਾਲਫ਼ਤ ਸਹਾਰਨ ਲਈ ਬੜਾ ਹੀ ਕਮਜ਼ੋਰ ਸੀ – ਇਹ ਬਿਲਕੁਲ ਬਿਹਬਲ ਹੋ ਗਿਆ ਤੇ ਜੇ ਪ੍ਰਿੰਸੀਪਲ ਜੋਧ ਸਿੰਘ ਜੀ, ਪ੍ਰਿੰਸੀਪਲ ਹਰਕਿਸ਼ਨ ਸਿੰਘ ਜੀ, ਪ੍ਰਿੰਸੀਪਲ ਨਰਿੰਜਣ ਸਿੰਘ ਜੀ, ਪ੍ਰੋਫ਼ੈਸਰ ਤੇਜਾ ਸਿੰਘ ਜੀ, ਭਾਈ ਸਾਹਿਬ ਕਾਹਨ ਸਿੰਘ ਜੀ ਤੇ ਸਰ ਜੁਗਿੰਦਰ ਸਿੰਘ ਜੀ ਵਰਗੀਆਂ ਹਸਤੀਆਂ, ਜਿਨ੍ਹਾਂ ਦੀ ਵਿਦਵਤਾ ਦਾ ਮੇਰੇ ਦਿਲ ਵਿਚ ਪਰਮ ਸਤਿਕਾਰ ਸੀ, ਮੇਰੇ ਹੱਕ ਵਿਚ ਇਨਸਾਫ਼ ਮੰਗਣ ਲਈ ਲਿਖਣ ਦੀ ਖੇਚਲ ਤੇ ਕ੍ਰਿਪਾ ਨਾ ਕਰਦੇ ਤਾਂ ਸ਼ਾਇਦ ਮੇਰੀ ਕਲਮ ਅਗੋਂ ਕੁਝ ਲਿਖਣ ਦਾ ਹੀਆ ਹੀ ਨਾ ਕਰ ਸਕਦੀ। ਪਰ ਮੇਰੀ ਤਸੱਲੀ ਤੇ ਹੈਰਾਨੀ ਦੀ ਕੋਈ ਹੱਦ ਹੀ ਨਾ ਰਹੀ ਜਦੋਂ ਪ੍ਰਿੰਸੀਪਲ ਹਰਕਿਸ਼ਨ ਸਿੰਘ ਜੀ, ਪ੍ਰਿੰਸੀਪਲ ਨਰਿੰਜਣ ਸਿੰਘ ਜੀ ਤੇ ਪ੍ਰੋਫ਼ੈਸਰ ਤੇਜਾ ਸਿੰਘ ਜੀ ਨੇ ਆਪਣੇ ਦਸਤਖ਼ਤਾਂ ਉੱਤੇ ਇਕ ਐਲਾਨ ਛਾਪਣ ਦੀ ਕ੍ਰਿਪਾ ਕੀਤੀ ਜਿਸ ਵਿਚ ਉਨ੍ਹਾਂ ਨਾ ਸਿਰਫ਼ ਮੇਰੇ ਪਰਮ ਮਨੁੱਖ ਵਾਲੇ ਲੇਖ ਨੂੰ ਸ਼ਰਧਾ ਭਰਪੂਰ ਤੇ ਸਿਖੀ ਅਸੂਲਾਂ ਦੇ ਅਨਕੂਲ ਹੀ ਦੱਸਿਆ, ਸਗੋਂ ਇਹ ਵੀ ਆਖਿਆ ਕਿ

ਮੈਂ ਵੇਲੇ ਸਿਰ ਸਿਖ ਪੰਥ ਨੂੰ ਚੇਤਾਵਨੀ ਅਗਵਾਈ ਦਿੱਤੀ ਹੈ। ਅਗਵਾਈ ਦਾ ਖ਼ਿਆਲ ਤਾਂ ਮੇਰੇ ਅੰਦਰ ਓਦੋਂ ਤਕ ਕਦੇ ਆਇਆ ਨਹੀਂ ਸੀ, ਪਰ ਏਡੇ ਮਾਨ ਯੋਗ ਵਿਦਵਾਨਾਂ ਕੋਲੋਂ ਆਪਣੀ ਪ੍ਰੋੜ੍ਹਤਾ ਵੇਖ ਕੇ ਮੇਰਾ ਦਿਲ ਡਿਗਣੋਂ ਬਿਲਕੁਲ ਬਚ ਗਿਆ – ਤੇ ਮੈਂ ਅਜ ਫੇਰ ਬੜੇ ਸ਼ੁਕਰ ਭਰੇ ਦਿਲ ਨਾਲ ਪ੍ਰਗਟ ਕਰਨ ਦਾ ਮੌਕਾ ਲੈਂਦਾ ਹਾਂ, ਕਿ ਜੋ ਕੁਝ ਉਨ੍ਹਾਂ ਉਸ ਵੇਲੇ ਮੇਰੇ ਲਈ ਕੀਤਾ, ਉਨ੍ਹਾਂ ਨੂੰ ਭਾਵੇਂ ਪਤਾ ਨਹੀਂ, ਮੇਰੇ ਲਈ ਉਹ ਏਡਾ ਵਡਾ ਇਹਸਾਨ ਹੈ, ਕਿ ਮੈਂ ਸਦਾ ਦੇਣਦਾਰ ਰਹਾਂਗਾ।

ਉਨ੍ਹਾਂ ਦੀ ਪ੍ਰੋੜ੍ਹਤਾ ਭਾਵੇਂ ਮੈਨੂੰ ਪੰਥ ਦੀ ਕ੍ਰੋਪੀ ਕੋਲੋਂ ਬਚਾ ਨਾ ਸਕੀ, ਪਰ ਉਨ੍ਹਾਂ ਮੈਨੂੰ ਸਭ ਤੋਂ ਖ਼ਤਰਨਾਕ ਅਵਸਥਾ, ਆਪਣੇ ਮਨ ਦੀ ਬੇ ਭਰੋਸਗੀ, ਤੋਂ ਬਚਾ ਲਿਆ। ਪੰਥ ਨੇ ਆਪਣੇ ਵਿਚੋਂ ਮੇਰੀ ਥਾਂ ਕਢ ਦਿੱਤੀ। ਮੈਂ ਫੇਰ ਗੁਰੂ ਸਾਹਿਬਾਂ ਸੰਬੰਧੀ ਕੋਈ ਲੇਖ ਨਹੀਂ ਲਿਖਿਆ, ਪਹਿਲੇ ਲਿਖਿਆਂ ਬਾਬਤ ਮੈਂ ਖਿਮਾਂ ਮੰਗ ਲਈ ਸੀ।

ਹੁਣ ਕੁਝ ਸਮੇਂ ਤੋਂ ਫੇਰ ਮੈਨੂੰ ਗੁਰਪੁਰਬਾਂ ਲਈ ਗੁਰੂ ਸਾਹਿਬਾਨ ਉੱਤੇ ਲੇਖਾਂ ਦੀ ਮੰਗ ਆ ਰਹੀ ਹੈ। ਕਈ ਸਜਣ ਜ਼ੋਰ ਨਾਲ ਗਿਲਾ ਕਰਦੇ ਹਨ ਕਿ ਇਸ ਵਿਸ਼ੇ ਉੱਤੇ ਲਿਖਣਾ ਬੰਦ ਕਰਕੇ ਮੈਂ ਆਪਣੇ ਤੇ ਉੱਨਤੀ ਪਸੰਦ ਸਿਖ ਹਲਕੇ ਉੱਤੇ ਇਨਸਾਫ਼ ਨਹੀਂ ਕੀਤਾ। ਕਈ ਲੈਕਚਰਾਰ ਤੇ ਰਾਗੀ ਮੈਨੂੰ ਇਹ ਦਸ ਕੇ ਖ਼ੁਸ਼ੀ ਦੇਂਦੇ ਹਨ ਕਿ ਉਹ ਆਪਣੇ ਕੀਰਤਨ ਤੇ ਵਖਿਆਨਾਂ ਵਿਚ ਮੇਰੇ ਲੇਖਾਂ ਚੋਂ ਖ਼ਿਆਲ ਲੈ ਕੇ ਪ੍ਰਗਟ ਕਰਦੇ ਹਨ, ਤੇ ਉਨ੍ਹਾਂ ਦੀ ਬੜੀ ਪ੍ਰਸੰਸਾ ਹੁੰਦੀ ਹੈ, ਸਿਰਫ਼ ਉਹ ਇਨ੍ਹਾਂ ਦਾ ਮੇਰੇ ਨਾਲ ਕੋਈ ਸੰਬੰਧ ਨਹੀਂ ਦਸ ਸਕਦੇ। ਉਨ੍ਹਾਂ ਤੇ ਕਈ ਹੋਰ ਮਿੱਤ੍ਰਾਂ ਨੇ ਮੰਗ ਕੀਤੀ ਹੈ ਕਿ ਉਹ ਲੇਖ ਕਿਤਾਬ ਦੀ ਸ਼ਕਲ ਵਿਚ ਪ੍ਰਕਾਸ਼ਤ ਕੀਤੇ ਜਾਣ।

ਉਨ੍ਹਾਂ ਦੀ ਇਹ ਮੰਗ ਪੂਰੀ ਕਰਨ ਲਈ ਮੈਂ ਬੜਾ ਸੰਕੋਚ ਕਰਦਾ ਰਿਹਾ ਹਾਂ, ਪਰ ਕੁਝ ਚਿਰ ਤੋਂ ਮੈਨੂੰ ਖ਼ਿਆਲ ਜਿਹਾ ਹੁੰਦਾ ਜਾ ਰਿਹਾ ਹੈ ਕਿ ਪਿਛਲੇ ਦਸਾਂ ਸਾਲਾਂ ਵਿਚ ਜ਼ਿੰਦਗੀ ਦੇ ਪੁਲਾਂ ਹੇਠੋਂ ਢੇਰ ਸਾਰਾ ਪਾਣੀ ਵਹਿ ਨਿਕਲਿਆ ਹੈ – ਕਈ ਵਧੀਆਂ ਉਭਰੀਆਂ ਨੁਕਰਾਂ ਘਸ ਕੇ ਗੁਲੀਆਂ ਹੋ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.